ਕਿਰਦੇ ਰਿਸ਼ਤਿਆਂ ਦੀਆਂ ਬਾਰੀਕੀਆਂ ਫੋਲਦੇ ਨਾਟਕ 'ਰਾਤ ਚਾਨਣੀ' ਦਾ ਸਫਲ ਮੰਚਨ

ਇਮਾਨਪਾਲ ਅਤੇ ਸਰਬਜੀਤ ਫਲੋਰਾ ਨੂੰ ਸਮ੍ਰਪਿਤ ਨਾਟਕ ਨੂੰ ਦਰਸ਼ਕਾਂ ਦਾ ਜਬਰਦਸਤ ਹੁੰਗਾਰਾ

13 ਮਈ ਜਗਦੀਪ ਕੈਲੇ : ਪੰਜਾਬੀ ਆਰਟਸ ਐਸੋਸੀਏਸ਼ਨ, ਟੋਰਾਂਟੋ ਦੀ ਪੇਸ਼ਕਸ਼ਾਂ ਪਾਲੀ ਭੁਪਿੰਦਰ ਦੇ ਲਿਖੇ ਅਤੇ ਬਲਜਿੰਦਰ ਲੇਲਣਾ, ਕੁਲਦੀਪ ਰੰਧਾਵਾ ਵੱਲੋਂ ਨਿਰਦੇਸ਼ਿਤ ਨਾਟਕ 'ਰਾਤ ਚਾਨਣੀ' ਦਾ ਚਿੰਗੂਇਜ਼ੀ ਸੈਕੰਡਰੀ ਸਕੂਲ ਵਿੱਚ ਖੇਡਿਆ ਗਿਆ ਜਿਸ ਵਿੱਚ ਵਿਦੇਸ਼ਾਂ ਵਿੱਚ ਵੱਸਣ ਦੇ ਦਰਦ ਅਤੇ ਮਰਮ ਨੂੰ ਬਹੁਤ ਹੀ ਖੂਬਸੂਰਤੀ ਨਾਲ ਬਿਆਨ ਕੀਤਾ ਗਿਆ। ਇਹ ਨਾਟਕ ਮਸ਼ਹੂਰ ਰੰਗਕਰਮੀ ਹਰਭਜਨ ਫਲੋਰਾ ਦੇ ਨੌਜਵਾਨ ਬੇਟੇ ਇਮਾਨਪਾਲ ਅਤੇ ਪਤਨੀ ਸਰਬਜੀਤ ਫਲੋਰਾ ਦੀ ਯਾਦ ਨੂੰ ਸਮ੍ਰਪਿਤ ਸੀ ਜਿਹਨਾਂ ਦੀ ਲੰਬੀ ਬਿਮਾਰੀ ਕਾਰਣ ਅਣਵਕਤ ਮੌਤ ਹੋ ਗਈ ਸੀ। ਇਸ ਨਾਟਕ ਦੀ ਖੂਬਸੂਰਤੀ ਇਸ ਗੱਲ ਵਿੱਚ ਸੀ ਜਿੱਥੇ ਇਹ ਕੈਨੇਡਾ ਦੇ ਸਮਾਜਿਕ ਜੀਵਨ ਦੀਆਂ ਅੰਦਰਲੀਆਂ ਤਹਿਆਂ ਨੂੰ ਫਰੋਲਣ, ਪ੍ਰਵਾਸ ਦੇ ਦਰਦ, ਰਿਸ਼ਤਿਆਂ ਦੇ ਖੋਖਲੇਪਣ ਉੱਤੇ ਚੋਟ ਕਰਨ ਅਤੇ ਦਵੰਦ ਵਿੱਚ ਘਿਰੀ ਜਿੰਦਗੀ ਨੂੰ ਸੁੱਚਜੇ ਢੰਗ ਨਾਲ ਪੇਸ਼ ਕਰਨ ਵਿੱਚ ਸਫਲ ਰਿਹਾ ਹੈ ਉੱਥੇ ਹੀ ਮਨੁੱਖ ਵਿੱਚ ਔਕੜਾਂ ਦੌਰਾਨ ਵੀ ਜਿੰਦਗੀ ਵੱਲ ਹਾਂ ਪੱਖੀ ਰਵਈਆ ਰੱਖਣ ਦੀ ਤਾਕਤ ਨੂੰ ਵੀ ਸਾਹਮਣੇ ਲਿਆਂਦਾ ਗਿਆ। ਇਸ

(ਵੇਖੋ ਪੰਨਾ 14)

ਰਾਤ ਚਾਨਣੀ (ਪੰਨਾ 5 ਦਾ ਬਾਕੀ)

ਨਾਟਕ ਦੀ ਕਹਾਣੀ ਜੋ ਕਿ ਵਿਦੇਸ਼ ਆਉਣ ਲਈ ਝੂਠ ਦਾ ਸਹਾਰਾ ਲੈ ਕੇ ਵਿਆਹ ਕਰਨ ਅਤੇ ਦੋਵੇਂ ਧਿਰਾਂ ਵੱਲੋਂ ਸੱਚ ਉੱਤੇ ਪਰਦਾ ਪਾਉਣ ਦੇ ਇਰਦ ਗਿਰਦ ਘੁੰਮਦੀ ਹ, ਦੇ ਵਿਸ਼ੇ ਤੋਂ ਕੈਨੇਡਾ ਵੱਸਦੇ ਪੰਜਾਬੀ ਕੋਈ ਬਹੁਤੇ ਅਣਭਿੱਜ ਨਹੀਂ ਹਨ ਪਰ ਜਿਸ ਢੰਗ ਨਾਲ ਇਸਨੂੰ ਬਿਆਨ ਕੀਤਾ ਗਿਆ ਉਹ ਨਿਵੇਕਲਾ ਅਤੇ ਹੁਨਰਮੰਦ ਕਲਾ ਦਾ ਪ੍ਰਤੀਕ ਬਣਕੇ ਸਾਹ-ਮਣੇ ਆਇਆ। ਦਸ ਸਾਲ ਇੱਕ ਤਲਾਕਸ਼ੁਦਾ ਸੁਘੜ ਸਿਆਣੀ ਔਰਤ ਨਾਲ ਵਿਆਹੁਤਾ ਜੀਵਨ ਬਿਤਾਉਣ ਅਤੇ ਉਸਦੇ ਪਹਿਲੇ ਵਿਆਹ ਦੇ ਦੋ ਬੱਚਿਆਂ ਨਾਲ ਜਿਉਣ ਤੋਂ ਬਾਅਦ ਮਾਂ ਦੀ ਉਸਨੂੰ ਹੋਰ ਥਾਂ ਵਿਆਹ ਦੀ ਲਾਲਸਾ ਸਾਹਮਣੇ ਜਿਵੇਂ ਕੇਂਦਰੀ ਕਰਦਾਰ ਅੰਬਰ ਬੇਬੱਸ ਹੋਇਆ ਜਾਪਦਾ ਹੈ, ਉਹ ਅਜੋਕੇ ਨੌਜਵਾਨਾ ਦੀ ਦੁਚਿੱਤੀ ਦੀ ਸੋਚ ਤੱਜ ਕੇ ਇੱਕ-ਸੁਰ ਹੋ ਕੇ ਜੀਵਨ ਜੀਉਣ ਦੀ ਅਸੱਮਰਥਾ ਉੱਤੇ ਡਾਢੀ ਚੋਟ ਕਰਦਾ ਹੈ। ਇਸ ਰੋਲ ਵਿੱਚ ਨਿਰੰਕਾਰ ਸੰਧੂ ਖੂਬ ਜਚਿਆ ਹੈ ਅਤੇ ਉਸਦੀ ਤਲਾਕਸ਼ੁਦਾ ਪਤਨੀ ਪਾਲੋ ਦੇ ਰੂਪ ਵਿੱਚ ਹਰੀਤ ਕੌਰ ਔਜਲਾ ਦੇ ਪੇਸ਼ਕਾਰੀ ਪ੍ਰਭਾਵਸ਼ਾਲੀ ਸੀ।ਪਾਲੋ ਦੇ ਰੋਲ ਵਿੱਚ ਜਦੋਂ ਹਰੀਤ ਔਜਲਾ ਘਰ ਤੋ ਜਾਣ ਵੇਲੇ ਅੱਤ ਦੁੱਖ ਦੇ ਸਮੇਂ ਵੀ ਅੰਬਰ ਨੂੰ ਇਹ ਕਹਿੰਦੀ ਹੈ ਕਿ ਤੂੰ ਬਹੁਤ ਮਾਸੂਮ ਹੈ, ਆਪਣੀ ਮਾਂ ਕੋਲ ਜਾ ਕੇ ਬਦਲ ਜਾਵੇਂਗਾ, ਤਾਂ ਉਸ ਵੇਲੇ ਉਹ ਪੂਰੀ ਔਰਤ ਜਾਤੀ ਦੀ ਤਰਜਮਾਨੀ ਕਰਦੀ ਹੈ ਜੋ ਰਿਸ਼ਤਿਆਂ ਨੂੰ ਤੋੜਨ ਤੋਂ ਪਹਿਲਾਂ ਮੁੜ ਜੋੜਨ ਦੀ ਸੰਭਾਵਨਾ ਨੂੰ ਰੱਖ ਲੈਂਦੀ ਹੈ। ਅੰਬਰ ਦੇ ਦੋਸਤ ਪੰਨੂ ਦੇ ਰੋਲ ਵਿੱਚ ਸੁਰਜੀਤ ਢੀਂਡਸਾ, ਬੇਟੇ ਅਤੇ ਬੇਟੀ ਦੇ ਰੋਲ ਵਿੱਚ ਬਲਰੀਨ ਲੇਲਣਾ ਅਤੇ ਸਾਜਨ ਲੇਲਣਾ, ਆਤਮਾ ਦੇ ਰੋਲ ਵਿੱਚ ਨੀਤੂ ਸੰਧੂ, ਸੱਸ ਦੇ ਰੋਲ ਵਿੱਚ ਤਰਨਪ੍ਰੀਤ ਸੰਧੂ ਸਭ ਨੇ ਆਪੋ ਆਪਣੇ ਰੋਲਾਂ ਨਾਲ ਇਨਸਾਫ ਕੀਤਾ। ਇਸੇ ਤਰਾਂ ਸੁਰਜੀਤ ਢੀਂਡਸਾ, ਗੁਰਚਰਨ ਸਿੰਘ, ਗੁਰਵਿੰਦਰ ਢਿੱਲੋਂ, ਸ਼ਿਗਾਰਾ ਸਮਰਾ, ਸੁਖਮੀਤ ਨੇ ਵੀ ਵਧੀਆ ਅਦਾਕਾਰੀ ਦਾ ਨਮੂਨਾ ਪੇਸ਼ ਕੀਤਾ। ਸੰਗੀਤ ਅਜੀਤ ਪਾਲ ਦਾ ਸੀ।